(i) Printed Pages : 3 Roll No. ..................................

(ii) Questions : 5

**Sub. Code : | 0 | 1 | 0 | 2 |**

**Exam. Code : | 0 | 0 | 0 | 2 |**

**B.A./B.Sc. (General) 2nd Sem.**

**(2042)**

**PUNJABI (Compulsory)**

**Paper : (Same for B.A./B.Sc. (Gen.) & B.Sc. (Microbial & Food Tech., Fashion Designing & Shastri 2nd Sem.)**

**Time Allowed : Three Hours]** **[Maximum Marks : 45**

**ਨੋਟ :–** ਸਾਰੇ ਪ੍ਰਸ਼ਨ ਜ਼ਰੂਰੀ ਹਨ। ਹਰ ਪ੍ਰਸ਼ਨ ਦੇ ਸਮੁੱਚੇ ਭਾਗ ਇਕ ਥਾਂ ਉੱਪਰ ਹੱਲ ਕੀਤੇ ਜਾਣ। ਲਿਖਾਈ ਸਾਫ ਅਤੇ ਸਪਸ਼ਟ ਹੋਣੀ ਚਾਹੀਦੀ ਹੈ।

I. (ੳ) ਹੇਠ ਲਿਖੀਆਂ ਕਹਾਣੀਆਂ ਵਿੱਚੋਂ ਕਿਸੇ **ਇੱਕ** ਕਹਾਣੀ ਦਾ ਵਿਸ਼ਾ ਦੱਸ ਕੇ ਸਾਰ ਵੀ ਲਿਖੋ :

(i) 'ਪਹੁਤਾ ਪਾਂਧੀ' (ਗੁਰਬਖਸ਼ ਸਿੰਘ)

(ii) 'ਠੱਗੀ' (ਗੁਲਜਾਰ ਸਿੰਘ ਸੰਧੂ)

(iii) 'ਚੌਥੀ ਕੂਟ' (ਵਰਿਆਮ ਸਿੰਘ ਸੰਧੂ) 4+6=10

(ਅ) ਹੇਠ ਲਿਖੇ ਪਾਤਰਾਂ ਵਿੱਚੋਂ ਕਿਸੇ **ਇੱਕ** ਪਾਤਰ ਦਾ ਪਾਤਰ-ਚਿਤਰਨ ਕਰੋ :

(i) ਕਰਮ ਸਿੰਘ (ਧਰਤੀ ਹੇਠਲਾ ਬੌਲਦ)

(ii) ਕਿਸ਼ਨਾ ਤਰਖਾਣ (ਘੋਟਣਾ)

(iii) ਨੰਨ੍ਹਾ ਨਾਥ (ਗੁੰਮਸ਼ੁਦਾ) 5

II. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ **ਪੰਜ** ਦੇ ਉੱਤਰ ਲਿਖੋ :

(i) ਮੇਜਰ ਸਾਹਿਬ ਦੇ ਕਿਹੋ ਜਿਹੇ ਸੁਭਾਅ ਕਰਕੇ ਡੱਬੇ ਦੀ ਫ਼ਿਜ਼ਾ ਬਦਲ ਗਈ ?

(ii) ਬਾਰੂ ਦੀ ਮੌਤ ਦਾ ਜ਼ਿੰਮੇਵਾਰ ਕੌਣ ਸੀ ?

(iii) ਮਾਨ ਸਿੰਘ ਕਰਮ ਸਿੰਘ ਦੇ ਘਰ ਜਾ ਕੇ ਉਸ ਦੇ ਬਾਪੂ ਦੇ ਕਿਹੋ ਜਿਹੇ ਵਤੀਰੇ ਕਰਕੇ ਹੈਰਾਨ ਸੀ ?

(iv) ਜਦੋਂ ਲੇਖਕ ਨੇ ਬੇਬੇ ਨੂੰ ਤਸੱਲੀ ਦੁਆਈ ਕਿ ਅੱਜ-ਕਲ੍ਹ ਹਰ ਰੋਗ ਦਾ ਦਾਰੂ ਹੈ, ਤਾਂ ਬੇਬੇ ਦੇ ਚਿਹਰੇ ਦੀ ਰੌਣਕ ਮੱਠੀ ਕਿਉਂ ਪੈ ਗਈ ?

(v) ਕੰਮ ਤੇ ਮਿਹਨਤ ਬਾਰੇ ਕਿਸ਼ਨੇ ਦੇ ਕੀ ਵਿਚਾਰ ਸਨ ?

(vi) ਮਿਸਿਜ਼ ਸੂਰੀ ਨੂੰ ਸ਼ੀਸ਼ੇ ਵਿੱਚ ਆਪਣਾ ਚਿਹਰਾ ਤੇ ਸਰੀਰ ਕਿਹੋ ਜਿਹੇ ਜਾਪੇ ?

(vii) ਨੰਨ੍ਹਾ ਨਾਥ ਨੇ ਤਕੀਏ ਦੇ ਕੋਲ ਕੀ ਬਣਾਇਆ ?

(viii) ਕਰਮ ਸਿੰਘ ਪਾਰਕ ਵਿੱਚ ਆ ਕੇ ਮੈਂ-ਪਾਤਰ ਨੂੰ ਕੀ ਕਹਿੰਦਾ ਹੈ ?

5×1=5

III. ਕਾਲਜ ਵਿੱਚ ਭੰਗੜੇ ਦੀ ਪ੍ਰੈਕਟਿਸ ਸੰਬੰਧੀ ਨੋਟਿਸ ਲਿਖੋ।

**ਜਾਂ**

ਪੰਜਾਬੀ ਸਾਹਿਤ ਸਭਾ ਦੇ ਮੈਂਬਰ ਵਿਦਿਆਰਥੀਆਂ ਵਿੱਚੋਂ ਸਭਾ ਦੇ ਅਹੁਦੇਦਾਰਾਂ ਦੀ ਚੋਣ ਸੰਬੰਧੀ ਨੋਟਿਸ ਲਿਖੋ। 10

IV. ਹੇਠ ਲਿਖੇ ਮੁਹਾਵਰਿਆਂ ਵਿੱਚੋਂ ਕਿਸੇ **ਪੰਜ** ਦੇ ਅਰਥ ਦੱਸ ਕੇ ਵਾਕ ਬਣਾਓ :

ਚਾਂਦੀ ਦੀ ਜੁੱਤੀ ਮਾਰਨੀ, ਘਿਓ ਖਿਚੜੀ ਹੋਣਾ, ਜਾਨ ਸੁੱਕਣਾ, ਟਕੇ ਵਰਗਾ ਜਵਾਬ ਦੇਣਾ, ਡੰਡੇ ਵਜਾਉਣਾ, ਤਿੱਤਰ ਹੋ ਜਾਣਾ, ਦਿਨ ਫਿਰਨੇ। 5

V. (ੳ) ਧੁਨੀ ਉਚਾਰਨ ਅੰਗਾਂ ਬਾਰੇ ਸੰਖੇਪ ਜਾਣਕਾਰੀ ਦਿਓ।

**ਜਾਂ**

ਦੁੱਤ ਵਿਅੰਜਨ ਕੀ ਹੁੰਦੇ ਹਨ ? ਪੰਜਾਬੀ ਵਿੱਚ ਇਨ੍ਹਾਂ ਦੇ ਵਿਚਰਨ ਬਾਰੇ ਆਪਣੇ ਵਿਚਾਰ ਪੇਸ਼ ਕਰੋ। 6

(ਅ) ਕੋਈ **ਦੋ** ਪ੍ਰਸ਼ਨ ਕਰੋ :

(i) ਨਾਸਕੀ ਵਿਅੰਜਨ ਕਿਹੜੇ ਹੁੰਦੇ ਹਨ ?

(ii) ਗੁਲਾਈ-ਰਹਿਤ ਸ੍ਵਰ ਕਿਹੜੇ-ਕਿਹੜੇ ਹਨ ?

(iii) ਹੇਠ ਲਿਖੇ ਵਿਅੰਜਨਾਂ ਵਿੱਚੋਂ ਡੱਕਵੇਂ ਅਤੇ ਅਡੱਕਵੇਂ ਵਿਅੰਜਨਾਂ ਨੂੰ ਵੱਖ-ਵੱਖ ਕਰਕੇ ਲਿਖੋ :

ਗ, ਸ, ਠ, ਰ, ਣ, ਪ, ਮ, ੜ।

(iv) ਪੰਜਾਬੀ ਵਿੱਚ ਫਲਿਪ ਤੇ ਟ੍ਰਿਲ ਧੁਨੀਆਂ ਕਿਹੜੀਆਂ ਹਨ ?

2+2=4